CAREERINDIA

# PAPER-III
# PUNJABI

**Signature and Name of Invigilator**

1. (Signature) __________________________

   (Name) ____________________________

2. (Signature) __________________________

   (Name) ____________________________

OMR Sheet No. : .............................................

(To be filled by the Candidate)

Roll No. | | | | | | | | |

(In figures as per admission card)

Roll No.__________________________________

(In words)

| J | 2 | 4 | 1 | 4 |
|---|---|---|---|---|

Time : 2 $^1/_2$ hours] [Maximum Marks : **150**

Number of Pages in this Booklet : **16**

Number of Questions in this Booklet : **75**

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** Ⓐ Ⓑ ● Ⓓ
   where (C) is the correct response.
5. Your responses to the items are to be indicated in the **OMR Sheet given inside the Booklet only.** If you mark at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means such as change of response by scratching or using white fluid, you will render yourself liable to disqualification.
9. You have to return the test question booklet and Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry original question booklet and duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचहत्तर बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है ।
   **उदाहरण :** Ⓐ Ⓑ ● Ⓓ
   जबकि (C) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर प्रश्न-पुस्तिका एवं मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं ।
10. **केवल नीले/काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**

www.careerindia.com

CAREERINDIA

# PUNJABI
# ਪੰਜਾਬੀ
## Paper-III
## ਪ੍ਰਸ਼ਨ ਪੱਤਰ-III

**Note :** This paper contains **seventy five (75)** objective type questions of **two (2)** marks each. **All** questions are compulsory.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਝੱਤਰ (75)** ਮਲਟੀਪਲ ਚੋਣ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਾਰੇ** ਪ੍ਰਸ਼ਨ ਕਰਨੇ ਜ਼ਰੂਰੀ ਹਨ ।

**1.** ਵਿਧੀ ਸੂਚਕ ਸ਼ਬਦ ਜੁੱਟ ਹਨ :

(A) ਜਦੋਂ / ਉਦੋਂ

(B) ਘੱਟ / ਵੱਧ

(C) ਨੇੜੇ / ਕੋਲ

(D) ਹੌਲੀ / ਤੇਜ਼

**2.** ਇਨ੍ਹਾਂ ਵਿਚੋਂ ਕਿਹੜਾ ਲਿਪਾਂਕ ਵਿਅੰਜਨ ਗੁੱਛਿਆਂ ਦੀ ਰਚਨਾ ਨਹੀਂ ਕਰਦਾ :

(A) ਰ

(B) ਚ

(C) ਹ

(D) ਵ

**3.** ਅਕਾਲਕੀ ਕ੍ਰਿਆ ਦਾ ਸੰਬੰਧ ਕਿਸ ਨਾਲ ਹੈ :

(A) ਸ਼ਬਦਾਂ ਦੀ ਵਿਉਤਪੱਤੀ

(B) ਸ਼ਬਦਾਂ ਦੇ ਵਿਆਕਰਨਕ ਰੂਪਾਂਤਰ

(C) ਸ਼ਬਦਾਂ ਦੇ ਵਿਆਕਰਨਕ ਅਧਿਕਾਰ

(D) ਸ਼ਬਦਾਂ ਦੀ ਸਿਰਜਣ ਪ੍ਰਕਿਰਿਆ

**4.** ਙ ਤੇ ਞ ਦੀ ਵਰਤੋਂ ਕਿਸ ਵਿਚ ਨਹੀਂ ਹੁੰਦੀ :

(A) ਪੋਠੋਹਾਰੀ

(B) ਡੋਗਰੀ

(C) ਮਲਵਈ

(D) ਮਾਝੀ

**5.** ਜਿਹੜਾ ਬੁਨਿਆਦੀ ਅੰਸ਼ ਹਰੇਕ ਕੋਸ਼ੀ ਇਕਾਈ ਵਿਚ ਮੌਜੂਦ ਹੁੰਦਾ ਹੈ, ਉਹ ਹੈ :

(A) ਧਾਤੂ (B) ਵਧੇਤਰ

(C) ਅਗੇਤਰ (D) ਪਿਛੇਤਰ

**6.** 'ਮੇਜ਼ ਉਪਰ ਪੁਸਤਕਾਂ ਪਈਆਂ ਹਨ' – ਇਸ ਵਾਕ ਵਿਚ 'ਮੇਜ਼ ਉਪਰ' ਦਾ ਕਾਰਕ ਹੈ :

(A) ਕਰਮਕਾਰਕ

(B) ਅਧਿਕਰਨ ਕਾਰਕ

(C) ਕਰਤਾ ਕਾਰਕ

(D) ਸੰਪ੍ਰਦਾਨ ਕਾਰਕ

**7.** **(A) ਕਥਨ :** | ਇ | ਤੇ | ਈ | ਸੁਰਾਂ ਦੇ ਉਚਾਰਨ ਸਮੇਂ ਜੀਭ ਦੀ ਸਥਿਤੀ ਲੇਟਵੀਂ ਹੁੰਦੀ ਹੈ, ਪਰ | ਈ | ਤੇ | ਉ | ਸੁਰਾਂ ਦੇ ਉਚਾਰਨ ਸਮੇਂ ਜੀਭ ਦੀ ਸਥਿਤੀ ਖੜ੍ਹਵੀਂ ਹੁੰਦੀ ਹੈ ।

**(R) ਕਾਰਨ :** ਜੀਭ ਦੀ ਲੇਟਵੀਂ ਸਥਿਤੀ ਦੇ ਦੋ ਹਿੱਸੇ ਉੱਚਾ ਤੇ ਨੀਂਵਾਂ ਮੰਨੇ ਜਾਂਦੇ ਹਨ ਅਤੇ ਜੀਭ ਦੀ ਖੜ੍ਹਵੀਂ ਸਥਿਤੀ ਦੇ ਤਿੰਨ ਹਿੱਸੇ, ਅਗਲਾ, ਪਿਛਲਾ ਤੇ ਵਿਚਕਾਰਲਾ ਮੰਨੇ ਜਾਂਦੇ ਹਨ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਨਹੀਂ ਹੈ, (R) ਆਂਸ਼ਿਕ ਸਹੀ ਹੈ

(B) (A) ਤੇ (R) ਦੋਵੇਂ ਗ਼ਲਤ ਹਨ

(C) (A) ਤੇ (R) ਦੋਵੇਂ ਸਹੀ ਹਨ

(D) (A) ਸਹੀ ਹੈ, (R) ਗ਼ਲਤ ਹੈ

CAREERINDIA

8. **(A) ਕਥਨ :** ਕੰਮ ਤੋਂ ਕਮਾ ਤੇ ਨਿਕੰਮਾ/ਲਿਖ ਤੋਂ ਲਿਖਾਈ ਤੇ ਲਿਖਤ ਸ਼੍ਰੇਣੀ ਬਦਲੂ ਵਿਉਤਪੱਤ ਸ਼ਬਦ ਹਨ । ਕੰਮ ਤੋਂ ਕਮਾਈ ਤੇ ਲਿਖ ਤੋਂ ਲਿਖਾ ਤੇ ਲਿਖਣਾ ਸ਼੍ਰੇਣੀ ਰੱਖਿਅਕ ਵਿਉਤਪੱਤ ਸ਼ਬਦ ਹਨ ।

**(R) ਕਾਰਨ :** ਵਿਉਤਪੱਤ ਪਿਛੇਤਰ ਸ਼੍ਰੇਣੀ ਬਦਲੂ ਹੁੰਦੇ ਹਨ ਪਰ ਵਿਉਤਪੱਤ ਪਿਛੇਤਰ ਸ਼੍ਰੇਣੀ ਰੱਖਿਅਕ ਵੀ ਹੋ ਸਕਦੇ ਹਨ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਹੈ ਤੇ (R) ਅਾਂਸ਼ਿਕ ਸਹੀ ਹੈ

(B) (A) ਤੇ (R) ਦੋਵੇਂ ਗ਼ਲਤ ਹਨ

(C) (A) ਤੇ (R) ਦੋਵੇਂ ਸਹੀ ਹਨ

(D) (A) ਸਹੀ ਹੈ ਤੇ (R) ਅਾਂਸ਼ਿਕ ਗ਼ਲਤ ਹੈ

9. '੧ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਵਿਚ ਕਿੰਨੇ ਨਾਂਵ ਹਨ :

(A) 4

(B) 8

(C) 5

(D) 6

10.

| | **ਸੂਚੀ-I** | | **ਸੂਚੀ-II** |
|---|---|---|---|
| a. | ਅਵੈਵ | 1. | ਵਿਚ, ਨਾਲ |
| b. | ਦਬਾ-ਸੂਚਕ | 2. | ਪਰ, ਤਾਂ |
| c. | ਕਾਰਕੀ ਵਿਭਕਤੀ | 3. | ਏ, ਓ |
| d. | ਸੰਬੰਧਕ | 4. | ਤੇ ਸਹੀ, ਹਾਂ ਜਰਾ |

ਉਪਰੋਕਤ ਦਾ ਸਹੀ ਕ੍ਰਮ ਹੈ :

| | a | b | c | d |
|---|---|---|---|---|
| (A) | 2 | 4 | 3 | 1 |
| (B) | 4 | 3 | 2 | 1 |
| (C) | 3 | 4 | 1 | 2 |
| (D) | 1 | 2 | 3 | 4 |

11.

| | **ਸੂਚੀ-I** | | **ਸੂਚੀ-II** |
|---|---|---|---|
| a. | ਵਣਜਾਰਾ ਬੇਦੀ | 1. | ਪੰਜਾਬ ਦੇ ਲੋਕ ਗੀਤ |
| b. | ਦੇਵਿੰਦਰ ਸਤਿਆਰਥੀ | 2. | ਦੇਸ਼ ਦੁਆਬਾ |
| c. | ਮਹਿੰਦਰ ਸਿੰਘ ਰੰਧਾਵਾ | 3. | ਇਕ ਘੁੱਟ ਰਸ ਦਾ |
| d. | ਕਰਮਜੀਤ ਸਿੰਘ | 4. | ਗਿੱਧਾ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 3 | 2 | 1 |
| (B) | 1 | 2 | 3 | 4 |
| (C) | 3 | 4 | 1 | 2 |
| (D) | 2 | 3 | 4 | 1 |

CAREERINDIA

12. ਪੰਜਾਬ ਦੇ ਲੋਕ ਨਾਟਾਂ ਦਾ ਸਹੀ ਜੁੱਟ ਹੈ :
   (A) ਰਾਸ ਲੀਲ੍ਹਾ, ਨੁੱਕੜ ਨਾਟਕ, ਅਖਾੜਾ, ਨਟ-ਨਟਣੀ
   (B) ਰਾਮ ਲੀਲ੍ਹਾ, ਅਖਾੜਾ, ਨਟ-ਨਟਣੀ, ਝਾਕੀਆਂ
   (C) ਅਖਾੜਾ, ਝਾਕੀਆਂ, ਸਾਂਗ, ਰਾਸ ਲੀਲ੍ਹਾ
   (D) ਸਾਂਗ, ਪੁਤਲੀ-ਤਮਾਸ਼ਾ, ਨਕਲਾਂ, ਰਾਮ ਲੀਲ੍ਹਾ

13. **(A) ਕਥਨ :** ਪੰਜਾਬੀ ਸਭਿਆਚਾਰ ਉਪਰ ਅੱਜ ਪੱਛਮੀ ਸਭਿਆਚਾਰਕ ਜੀਵਨ-ਜਾਚ ਦਾ ਐਨਾ ਪ੍ਰਬਲ ਪ੍ਰਭਾਵ ਹੈ ਕਿ ਇਸ ਦੇ ਆਪਣੇ ਪਛਾਣ-ਚਿੰਨ੍ਹਾਂ ਨੂੰ ਨਿਖੜਵੇਂ ਰੂਪ ਵਿਚ ਦੇਖਣਾ ਅਸੰਭਵ ਜਾਪਦਾ ਹੈ ।

   **(R) ਕਾਰਨ :** ਇਸ ਪ੍ਰਭਾਵ ਤੋਂ ਬਚਾਉ ਕਰਨਾ ਸੰਭਵ ਵੀ ਨਹੀਂ ਕਿਉਂਕਿ ਵੱਡੇ ਸਭਿਆਚਾਰ ਉਪ-ਸਭਿਆਚਾਰਾਂ ਵੀ ਹਸਤੀ ਨੂੰ ਮਿਟਾਉਣ ਦਾ ਸਬੱਧ ਬਣਦੇ ਹੀ ਰਹਿੰਦੇ ਹਨ ।

   ਉਪਰੋਕਤ ਵਿਚੋਂ ਕਿਹੜਾ ਸਹੀ ਹੈ :
   (A) (A) ਆਂਸ਼ਿਕ ਸਹੀ ਹੈ, (R) ਗ਼ਲਤ ਹੈ
   (B) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ
   (C) (A) ਤੇ (R) ਦੋਵੇਂ ਗ਼ਲਤ ਹਨ
   (D) (A) ਤੇ (R) ਦੋਵੇਂ ਸਹੀ ਹਨ

14. ਪੰਜਾਬ ਦੀਆਂ ਲੋਕ ਕਲਾਵਾਂ ਦਾ ਸਹੀ ਜੁੱਟ ਹੈ :
   (A) ਮੀਨਾਕਾਰੀ, ਗੱਚਕਾਰੀ, ਲੁਹਾਰਾ, ਰੰਗਸਾਜ਼ੀ
   (B) ਮੂਰਤੀਕਾਰੀ, ਬਰਤਨਸਾਜ਼ੀ, ਸ਼ੀਸ਼ਾਗਰੀ, ਚਮੜਾਸਾਜ਼ੀ
   (C) ਕਸੀਦਾਕਾਰੀ, ਫੁੱਲਕਾਰੀ, ਕੰਧ ਚਿੱਤਰ, ਨੱਕਾਸ਼ੀ
   (D) ਪੱਚੀਕਾਰੀ, ਲੁਹਾਰਾ, ਚਮੜਾਸਾਜ਼ੀ, ਗੱਚਕਾਰੀ

15. ਪੰਜਾਬੀ ਲੋਕ ਗਹਿਣਿਆਂ ਦਾ ਸਹੀ ਜੁੱਟ ਹੈ :
   (A) ਤਵੀਤ, ਬਿੱਛੂ, ਕੁੰਦਨਹਾਰ, ਮੰਗਲ ਸੂਤਰ
   (B) ਕੈਂਠਾ, ਸੱਗੀ ਫੁੱਲ, ਮੁੰਦਰੀ, ਪੰਜੇਬ
   (C) ਪੰਜੇਬ, ਛੱਲਾ, ਰਾਣੀਹਾਰ, ਵੰਗ
   (D) ਝਾਂਜਰ, ਆਰਸੀ, ਕੁੰਦਨਹਾਰ, ਕਲਿਪ

16.

| | ਸੂਚੀ-I | | ਸੂਚੀ-II |
|---|---|---|---|
| a. | ਪਿੰਡ ਮਨਸਾਉਣਾ | 1. | ਵਹਿਮ ਭਰਮ |
| b. | ਹੱਥ ਹੌਲਾਕਰਨਾ | 2. | ਜੰਤਰ ਮੰਤਰ |
| c. | ਤਾਰਾ ਡੁੱਬਣਾ | 3. | ਜਾਦੂ ਟੂਣਾ |
| d. | ਸਿਵਾ ਜਗਾਉਣਾ | 4. | ਕਰਮਕਾਂਡ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 2 | 1 | 3 |
| (B) | 3 | 4 | 2 | 1 |
| (C) | 2 | 3 | 4 | 1 |
| (D) | 1 | 2 | 3 | 4 |

17.

| | ਸੂਚੀ-I | | ਸੂਚੀ-II |
|---|---|---|---|
| a. | ਤੌਹੀਦ | 1. | ਤੂਹੀ ਤੂਹੀ |
| b. | ਅਨਲਹੱਕ | 2. | ਵਿਸਮਾਦ |
| c. | ਹਮਾਓਮਤ | 3. | ਮੈਂ ਰੱਬ ਹਾਂ |
| d. | ਵਜਦ | 4. | ਰੱਬ ਇਕ ਹੈ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 2 | 4 | 3 | 1 |
| (B) | 3 | 2 | 4 | 3 |
| (C) | 1 | 3 | 2 | 4 |
| (D) | 4 | 3 | 1 | 2 |

18. ਪੰਜਾਬੀ ਸੂਫ਼ੀ ਕਵੀਆਂ ਦਾ ਕਿਹੜਾ ਕ੍ਰਮ ਸਹੀ ਹੈ :

(A) ਸ਼ਾਹ ਹੁਸੈਨ, ਗੁਲਾਮ ਫਰੀਦ, ਬਾਬਾ ਫ਼ਰੀਦ

(B) ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਗੁਲਮ ਫ਼ਰੀਦ

(C) ਗੁਲਾਮ ਫਰੀਦ, ਬੁਲ੍ਹੇ ਸ਼ਾਹ, ਸ਼ਾਹ ਹੁਸੈਨ

(D) ਬੁਲ੍ਹੇ ਸ਼ਾਹ, ਸ਼ਾਹ ਹੁਸੈਨ, ਗੁਲਾਮ ਫ਼ਰੀਦ

19. ਸੂਫ਼ੀਵਾਦ ਅਤੇ ਵੇਦਾਂਤ ਦਾ ਸਾਂਝਾ ਸੂਤਰ ਹੈ :

(A) ਬਹੁਦੇਵ ਵਾਦ

(B) ਦਵੈਤਵਾਦ

(C) ਇਕ-ਈਸ਼ਵਰਵਾਦ

(D) ਵਿਸ਼ਿਸ਼ਟ-ਅਦਵੈਤਵਾਦ

20. ਪੰਜਾਬੀ ਵਿਚ ਸੂਫ਼ੀ ਮਤ ਦਾ ਪ੍ਰਵੇਸ਼ ਕਿਸ ਸਿਲਸਿਲੇ ਰਾਹੀਂ ਹੋਇਆ :

(A) ਨਕਸ਼ਬੰਦੀ

(B) ਸੁਹਰਾਵਰਦੀ

(C) ਕਾਦਰੀ

(D) ਚਿਸ਼ਤੀ

21. ਰਾਂਝਾ ਰਾਂਝਾ ਕਰਦੀ ਨੀਂ, ਮੈਂ ਆਪੇ ਰਾਂਝਾ ਹੋਈ ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ ।
ਇਹ ਕਾਵਿ-ਪਕਤੀਆਂ ਕਿਸ ਸੂਫ਼ੀ ਪੜਾ ਦਾ ਪ੍ਰਗਟਾਵਾ ਕਰਦੀਆਂ ਹਨ :

(A) ਸ਼ਰੀਅਤ

(B) ਤਰੀਕਤ

(C) ਮਾਰਫ਼ਤ

(D) ਹਕੀਕਤ

22.

| | ਸੂਚੀ-I | | ਸੂਚੀ-II |
|---|---|---|---|
| a. | ਘੋੜੀਆਂ | 1. | ਗੁਰੂ ਅਮਰਦਾਸ |
| b. | ਪੱਟੀ | 2. | ਗੁਰੂ ਨਾਨਕ ਦੇਵ |
| c. | ਬਾਵਨ ਅੱਖਰੀ | 3. | ਗੁਰੂ ਰਾਮਦਾਸ |
| d. | ਅਲਾਹੁਣੀਆਂ | 4. | ਭਗਤ ਕਬੀਰ |

ਉਪਰੋਕਤ ਦਾ ਸਹੀ ਕ੍ਰਮ ਹੈ :

| | a | b | c | d |
|---|---|---|---|---|
| (A) | 2 | 3 | 1 | 4 |
| (B) | 3 | 1 | 4 | 2 |
| (C) | 4 | 2 | 3 | 1 |
| (D) | 1 | 4 | 2 | 3 |

23. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦੇ ਸਿਰਲੇਖਾਂ ਵਿਚ ਗਾਉਣ ਦੀਆਂ ਧੁਨਾਂ ਦੇ ਆਦੇਸ਼ ਹਨ :

(A) 22

(B) 10

(C) 12

(D) 9

24. ਜਪੁਜੀ ਸਾਹਿਬ ਦੀ ਕਿਹੜੀ ਪੌੜੀ ਇਕ ਸੁਤੰਤਰ ਬਾਣੀ ਵੀ ਹੈ :

(A) ਮੂਲ ਮੰਤਰ

(B) ਗਾਵਹਿ

(C) ਸੌਦਰੁ

(D) ਮੰਨੈ

25. ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਕਿਹੜਾ ਰੂਪ ਲੋਕ ਕਾਵਿ-ਰੂਪ ਨਹੀਂ ਹੈ :

(A) ਘੋੜੀਆਂ

(B) ਸੱਦ

(C) ਪਦਾ

(D) ਕਰਹਲੇ

26. ਗੁਰਬਾਣੀ ਵਿਚ ਬ੍ਰਹਮਗਿਆਨੀ ਨਾਲ ਮਿਲਦੇ-ਜੁਲਦੇ ਪਦ ਹਨ :

(A) ਸੰਤ, ਸਾਧ, ਭਗਤ, ਸੇਵਕ

(B) ਦਰਵੇਸ਼, ਜੋਗੀ, ਫੱਕਰ, ਭਗਤ

(C) ਸਿੱਧ, ਜੰਗਮ, ਤਪੀਸਰ, ਸਾਧ

(D) ਭਗਤ, ਸੇਵਕ, ਤਪੀਸਰ, ਜੋਗੀ

27. ਗੁਰਮਤਿ ਕਾਵਿ ਦੀ ਵਿੱਲਖਣਤਾ ਦਾ ਮੁੱਖ ਆਧਾਰ ਹੈ :

(A) ਯਥਾਰਥ, ਸਰੋਦੀ ਅਨੁਭਵ, ਸਮਾਜਕ ਚੇਤਨਾ

(B) ਰਹੱਸ-ਅਨੁਭਵ, ਨੈਤਿਕਤਾ, ਪਰਮਾਰਥ ਚੇਤਨਾ

(C) ਰਹੱਸ-ਅਨੁਭਵ, ਤਿਆਗ, ਸਮਾਜਕ ਚੇਤਨਾ

(D) ਵਿਸਮਾਦ-ਬੋਧ, ਜਥਾਰਥ ਚੇਤਨਾ, ਫ਼ਕੀਰੀ

28.

| | ਸੂਚੀ-I | | ਸੂਚੀ-II |
|---|---|---|---|
| a. | ਗੁਰੂ ਗ੍ਰੰਥ ਵਿਸ਼ਵਕੋਸ਼ | 1. | ਡਾ. ਬਲਵੀਰ ਸਿੰਘ |
| b. | ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ | 2. | ਭਾਈ ਵੀਰ ਸਿੰਘ |
| c. | ਗੁਰੂ ਗ੍ਰੰਥ ਸੰਕੇਤ ਕੋਸ਼ | 3. | ਡਾ. ਰਤਨ ਸਿੰਘ ਜੱਗੀ |
| d. | ਸ੍ਰੀ ਗੁਰੂ ਗ੍ਰੰਥ ਕੋਸ਼ | 4. | ਪਿਆਰਾ ਸਿੰਘ ਪਦਮ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 3 | 2 | 1 |
| (B) | 2 | 4 | 3 | 4 |
| (C) | 3 | 1 | 4 | 2 |
| (D) | 1 | 2 | 3 | 4 |

29. **(A) ਕਥਨ :** ਗੁਰੂ ਗ੍ਰੰਥ ਸਾਹਿਬ ਦੇ ਚਿੰਤਨ ਤੇ ਕਲਾ ਰਾਹੀਂ ਸਿਰਫ਼ ਮੱਧਕਾਲੀ ਸੰਵੇਦਨਾ ਦਾ ਨਿਰਮਾਣ ਹੀ ਨਹੀਂ ਹੋਇਆ ਸਗੋਂ ਸਮੁੱਚੇ ਪੰਜਾਬੀ ਕਾਵਿ-ਸ਼ਾਸਤਰ ਦੀ ਉਸਾਰੀ ਲਈ ਵੀ ਇਹ ਮੁੱਖ ਆਧਾਰ ਸ੍ਰੋਤ ਹੈ ।

**(R) ਕਾਰਨ :** ਕਿਉਂਕਿ ਆਧੁਨਿਕ ਪੰਜਾਬੀ ਸਾਹਿਤ ਦੀ ਇਕ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਪਰੰਪਰਾ ਦੀ ਹੀ ਨਿਰੰਤਰਤਾ ਦਿਖਾਈ ਦਿੰਦੀ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ

(B) (A) ਤੇ (R) ਦੋਵੇਂ ਸਹੀ ਹਨ

(C) (A) ਤੇ (R) ਦੋਵੇਂ ਗ਼ਲਤ ਹਨ

(D) (A) ਸਹੀ ਹੈ, (R) ਆਂਸ਼ਿਕ ਸਹੀ ਹੈ

CAREERINDIA

**30.** ਕਿੱਸਾ ਹੀਰ ਵਾਰਿਸ ਵਿਚ ਪ੍ਰਸਤੁਤ ਹੈ :

(A) ਇਸ਼ਕ ਦਾ ਵਿਦਰੋਹੀ ਰੂਪ ਤੇ ਇਸ਼ਕ ਹਕੀਕੀ ਦਾ ਸੰਚਾਰ

(B) ਸੂਫ਼ੀ ਰਹੱਸਵਾਦ ਤੇ ਬੀਰ ਭਾਵਨਾ

(C) ਸ਼ਰੀਅਤ ਤੇ ਇਸ਼ਕ ਹਕੀਕੀ

(D) ਸੂਫ਼ੀ ਸਿਧਾਂਤ ਤੇ ਇਸ਼ਕ ਮਿਜਾਜ਼ੀ ਦਾ ਸੁਮੇਲ

**31.** 'ਅਵਲ ਹਮਦ ਖੁਦਾਇ ਦਾ ਵਿਰਦ ਕੀਜੇ

ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ

ਪਹਿਲਾਂ ਆਪ ਹੀ ਰੱਬ ਨੇ ਇਸ਼ਕ ਕੀਤਾ

ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ ।'

ਉਪਰੋਕਤ ਪੰਕਤੀਆਂ ਕਿੱਸਾ-ਕਾਵਿ ਦੀ ਕਿਹੜੀ ਰੂੜੀ ਵਲ ਸੰਕੇਤ ਕਰਦੀਆਂ ਹਨ :

(A) ਮਹਾਤਮ

(B) ਮੰਗਲਾਚਰਨ

(C) ਵਸਤੂ-ਨਿਰਦੇਸ਼

(D) ਕਥਾ-ਸਾਰ

**32.** ਪੰਜਾਬੀ ਕਿੱਸਾ-ਕਾਵਿ ਕਿਹੜੇ ਸੋਮਿਆਂ ਤੋਂ ਪ੍ਰਭਾਵਿਤ ਨਹੀਂ ਹੈ :

(A) ਮਸਨਵੀ, ਪ੍ਰੇਮ ਆਖਿਆਨ

(B) ਸੰਸਕ੍ਰਿਤ ਕਾਵਿ, ਫ਼ਾਰਸੀ ਕਾਵਿ

(C) ਕੁਰਾਨ ਸ਼ਰੀਫ਼, ਸ਼ਿੰਗਾਰ ਕਾਵਿ

(D) ਜਾਤਕ ਕਥਾਵਾਂ, ਅਲਫ਼ ਲੈਲਾ

**33.** 'ਦੁਰਗਾ ਪਾਠ ਬਣਾਇਆ ਸਭੇ ਪਉੜੀਆਂ

ਫੇਰ ਨ ਜੂਨੀ ਆਇਆ ਜਿਨਿ ਇਹ ਗਾਇਆ' ।

ਇਹ ਕੀ ਹੈ :

(A) ਮੰਗਲਾਚਰਨ

(B) ਕਥਾ-ਸਾਰ

(C) ਮਹਾਤਮ

(D) ਰਚਨਾ-ਮਤਿ

**34.** 'ਰਾਏ ਭੂਪਤ ਖਲਾ ਵੰਗਾਰੇ, ਸਾਰੇ ਪੰਥ ਨੂੰ

ਦੁਨੀਆ ਜੇ ਚਾਰ ਦਿਹਾੜੇ, ਕਿਚਰਕੁ ਜੀਊਣਾ

ਜੋ ਲਿਖਿਆ ਹੈ ਕਰਤਾਰੇ ਸੋਈਓ ਵਰਤਸੀ

ਤੁਸੀਂ ਹੋ ਬਲਵੰਤ ਕਰਾਰੇ ਸਾਰੇ ਲੜ ਮਰੋ ।'

ਉਪਰੋਕਤ ਕਾਵਿ-ਪੰਕਤੀਆਂ ਵਿਚ ਪ੍ਰਗਟਾਵਾ ਹੈ :

(A) ਹੋਣੀ ਦੀ ਅਟੱਲਤਾ ਤੇ ਉਦਾਸੀਨਤਾ ਦਾ

(B) ਦੇਸ਼ ਭਗਤੀ ਤੇ ਨਾਬਰੀ ਦਾ

(C) ਯੁੱਧ ਵਰਣਨ ਤੇ ਭਗਤੀ ਭਾਵ ਦਾ

(D) ਜੀਵਨ ਦੀ ਨਾਸ਼ਮਾਨਤਾ ਤੇ ਧਾਰਮਿਕ ਚੇਤਨਾ ਦਾ

**35.** ਕਥਾ-ਅੰਤ ਦੀ ਸਮਾਨਤਾ ਵਾਲੀਆਂ ਰਚਨਾਵਾਂ ਹਨ :

(A) ਜੰਗਨਾਮਾ ਸਿੰਘਾਂ ਤੇ ਫਰੰਗੀਆਂ, ਹੀਰ ਦਮੋਦਰ

(B) ਹੀਰ ਦਮੋਦਰ, ਚੰਡੀ ਦੀ ਵਾਰ

(C) ਹੀਰ ਵਾਰਿਸ, ਚੰਡੀ ਦੀ ਵਾਰ

(D) ਚੱਠਿਆਂ ਦੀ ਵਾਰ, ਹੀਰ ਦਮੋਦਰ

CAREERINDIA

36. ਸੂਚੀ-I ਸੂਚੀ-II

| ਸੂਚੀ-I | ਸੂਚੀ-II |
|---|---|
| a. ਮੁਹੰਮਦ ਬਖ਼ਸ਼ | 1. ਮਿਰਜ਼ਾ ਸਾਹਿਬਾਂ |
| b. ਹਾਸ਼ਿਮ ਸ਼ਾਹ | 2. ਸੋਹਣੀ ਮਹੀਂਵਾਲ |
| c. ਫ਼ਜ਼ਲ ਸ਼ਾਹ | 3. ਹੀਰ ਰਾਂਝਾ |
| d. ਪੀਲੂ | 4. ਸੈਫੁਲ ਮਲੂਕ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 3 | 2 | 1 |
| (B) | 3 | 4 | 1 | 2 |
| (C) | 2 | 1 | 3 | 4 |
| (D) | 1 | 2 | 4 | 3 |

37. **(A) ਕਥਨ :** ਪੰਜਾਬੀ ਵਿਚ ਵਾਰ ਕਾਵਿ ਦੀ ਇਕ ਪ੍ਰਸਿੱਧ ਪਰੰਪਰਾ ਹੈ ਜਿਸ ਦੀਆਂ ਆਪਣੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਹਨ । ਇਸ ਦਾ ਇਕ ਉੱਘਾ ਪੱਖ ਰੂਪਾਕਾਰਕ ਵੱਨਗੀਆਂ ਦਾ ਹੈ ਜਿਸ ਵਿਚ ਬੀਰ ਰਸੀ ਤੋਂ ਇਲਾਵਾ ਅਧਿਆਤਮਿਕ ਸ਼ਾਂਤ-ਰਸੀ ਤੇ ਨੈਤਿਕ-ਦਾਰਸ਼ਨਿਕ ਦੇ ਰੂਪ ਆਉਂਦੇ ਹਨ ।

**(R) ਕਾਰਨ :** ਪਰ ਪੰਜਾਬੀ ਸਭਿਆਚਾਰ ਦੇ ਵਿਆਪਕ ਘੇਰੇ ਵਿਚ ਇਨ੍ਹਾਂ ਵਿਭਿੰਨ ਵੰਨਗੀਆਂ ਵਿਚਕਾਰ ਆਪਸੀ ਇਕਸੁਰਤਾ ਦਿਖਾਈ ਨਹੀਂ ਦਿੰਦੀ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਦੋਵੇਂ ਸਹੀ ਹਨ

(B) (A) ਤੇ (R) ਦੋਵੇਂ ਗ਼ਲਤ ਹਨ

(C) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ

(D) (A) ਸਹੀ ਹੈ, (R) ਗ਼ਲਤ ਹੈ

38. **(A) ਕਥਨ :** ਆਧੁਨਿਕ ਪੰਜਾਬੀ ਵਾਰਤਕ ਦੀ ਇਤਿਹਾਸਕਾਰੀ ਨੂੰ ਦੂਸਰੇ ਰੂਪਾਂ ਦੀਆਂ ਪ੍ਰਵਿਰਤੀਆਂ ਜਿਵੇਂ ਯਥਾਰਥਵਾਦੀ, ਪ੍ਰਗਤੀਵਾਦੀ ਆਦਿ ਅਨੁਸਾਰ ਨਹੀਂ ਵੰਡਿਆ ਗਿਆ ।

**(R) ਕਾਰਨ :** ਕਿਉਂਕਿ ਵਾਰਤਕ ਰਚਨਾ ਆਕਾਰ ਦੇ ਲਿਹਾਜ਼ ਨਾਲ ਘੱਟ ਰਚੀ ਹੋਣ ਦੇ ਨਾਲ ਨਾਲ ਵਿਚਾਰਾਤਮਕ ਰੂਪ ਵਿਚ ਵੀ ਐਨੀ ਵੰਨ-ਸੁਵੰਨਤਾ ਵਿਚ ਨਹੀਂ ਰਚੀ ਗਈ ਜਿਵੇਂ ਕਿ ਕਵਿਤਾ ਜਾਂ ਕਹਾਣੀ ਰਚੀ ਗਈ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਦੋਵੇਂ ਸਹੀ ਹਨ

(B) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ

(C) (A) ਸਹੀ ਤੇ (R) ਗ਼ਲਤ ਹੈ

(D) (A) ਆਂਸ਼ਿਕ ਸਹੀ ਹੈ, (R) ਸਹੀ ਹੈ

39. ਸੂਚੀ-I ਸੂਚੀ-II

| ਸੂਚੀ-I | ਸੂਚੀ-II |
|---|---|
| a. ਪ੍ਰਿੰ. ਤੇਜਾ ਸਿੰਘ | 1. ਪਰਦੇਸੀ ਪੰਜਾਬ |
| b. ਨਰਿੰਦਰ ਸਿੰਘ ਕਪੂਰ | 2. ਆਰਸੀ |
| c. ਗੁਲਜ਼ਾਰ ਸਿੰਘ ਸੰਧੂ | 3. ਮਾਲਾ ਮਣਕੇ |
| d. ਵਰਿਆਮ ਸੰਧੂ | 4. ਇਹ ਅਜਬ ਬੰਦੇ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 2 | 3 | 4 | 1 |
| (B) | 3 | 2 | 1 | 4 |
| (C) | 4 | 1 | 3 | 2 |
| (D) | 1 | 4 | 2 | 3 |

CAREERINDIA

40. ਭਾਈ ਮਨੀ ਸਿੰਘ ਦੁਆਰਾ ਰਚਿਤ 'ਭਗਤ ਰਤਨਾਵਲੀ' ਦਾ ਆਧਾਰ ਕਿਸ ਦੀ ਰਚਨਾ ਹੈ :
   (A) ਗੁਰੂ ਨਾਨਕ ਬਾਣੀ
   (B) ਭਾਈ ਗੁਰਦਾਸ ਦੀ ਵਾਰ
   (C) ਭਾਈ ਬਾਲਾ ਵਾਲੀ ਜਨਮ ਸਾਖੀ
   (D) ਬਾਣੀ ਭਗਤ ਕਬੀਰ

41. ਰੂਪਾਕਾਰ ਦੀ ਸਮਾਨਤਾ ਦੇ ਆਧਾਰ ਤੇ ਕਿਹੜਾ ਜੁੱਟ ਸਹੀ ਹੈ :
   (A) ਪਰਚੀ, ਗੋਸ਼ਟਿ, ਸਾਖੀ
   (B) ਹੁਕਮਨਾਮਾ, ਰਹਿਤਨਾਮਾ, ਜ਼ਫ਼ਰਨਾਮਾ
   (C) ਪਰਚੀ, ਸਾਖੀ, ਜਨਮਸਾਖੀ
   (D) ਸੁਖਨ, ਮਸਲੇ, ਗੋਸ਼ਟਿ

42. ਕਿਹੜਾ ਜੁੱਟ ਸਹੀ ਹੈ :
   (A) ਸੰਭੂ ਨਾਥ : ਸੌ ਸਾਖੀ
   (B) ਚਉਪਾ ਸਿੰਘ : ਰਹਿਤਨਾਮਾ
   (C) ਅੱਡਣਸਾਹ : ਪਰਚੀਆਂ
   (D) ਸੇਵਾਦਾਸ : ਜਨਮਸਾਖੀ

43. ਬਲਰਾਜ ਸਾਹਨੀ ਦੀਆਂ ਰਚਨਾਵਾਂ ਦਾ ਕਿਹੜਾ ਸਹੀ ਜੁੱਟ ਹੈ :
   (A) ਸਾਹਿਤ ਦਰਸ਼ਨ, ਘਰ ਦਾ ਪਿਆਰ ਤੇ ਹੋਰ ਲੇਖ, ਮੰਜ਼ਿਲ ਦਿਸ ਪਈ
   (B) ਸਪਤ ਸ੍ਰਿੰਗ, ਸਾਚੀ ਸਾਖੀ, ਸੱਚੋ ਸੱਚ
   (C) ਕਾਮੇ, ਮੇਰਾ ਰੂਸੀ ਸਫ਼ਰਨਾਮਾ, ਗ਼ੈਰ ਜਜ਼ਬਾਤੀ ਡਾਇਰੀ
   (D) ਧਾਰਮਿਕ ਲੇਖ, ਕੁਝ ਹੋਰ ਧਾਰਮਿਕ ਲੇਖ, ਮੇਰੇ ਸਾਹਿਤਿਕ ਲੇਖ

44. 'ਸ਼ੈਲੀ ਹੀ ਸ਼ਖ਼ਸੀਅਤ ਹੈ' ਕਿਸ ਪੰਜਾਬੀ ਵਾਰਤਕਕਾਰ ਉਪਰ ਢੁਕਣ ਹੈ :
   (A) ਪ੍ਰਿੰ. ਤੇਜਾ ਸਿੰਘ
   (B) ਪ੍ਰੋ. ਪੂਰਨ ਸਿੰਘ
   (C) ਬਲਵੰਤ ਗਾਰਗੀ
   (D) ਗੁਰਬਖ਼ਸ਼ ਸਿੰਘ ਪ੍ਰੀਤਲੜੀ

45. ਸਫਰਨਾਮਾ ਦੀ ਰੂਪਾਕਾਰਕ ਵਿਸ਼ੇਸ਼ਤਾ ਹੈ :
   (A) ਭੂਗੋਲਿਕਤਾ, ਸਮਾਜਿਕ ਵੱਖਰਤਾ, ਸਵੈ-ਵਿਰਤਾਂਤ
   (B) ਭੂਗੋਲਿਕ ਵੱਖਰਤਾ, ਸਫ਼ਰ, ਅਜਨਬੀ ਲੋਕ
   (C) ਭੂਗੋਲਿਕ ਵੱਖਰਤਾ, ਨਿੱਜੀ ਉਜਰਬੇ, ਸਵੈ-ਬਿਰਤਾਂਤ
   (D) ਸਫ਼ਰ, ਨਿੱਜੀ ਤਜਰਬੇ, ਭੂਗੋਲਿਕ ਵੱਖਰਤਾ

46. ਪੂਰਨ ਸਿੰਘ ਦੇ ਕਾਵਿ ਸਿਧਾਂਤ ਦੇ ਮੁੱਖ ਆਧਾਰ ਹਨ :
   (A) ਸਭਿਆਚਾਰਕ ਗੋਰਵ, ਨਿਜੀ ਅਵਚੇਤਨ, ਦੇਸ਼ ਪਿਆਰ
   (B) ਕਾਵਿ-ਆਵੇਸ਼, ਸੈਲਾਨੀ ਛੰਦ, ਅਤੀਤਮੁਖੀ ਹੇਰਵਾ
   (C) ਅੰਤਰ ਆਤਮਾ, ਵਜ਼ਨ-ਤੋਲ, ਅਧਿਆਤਮਿਕ ਪ੍ਰਵਿਰਤੀ
   (D) ਆਧੁਨਿਕ ਯਥਾਰਥਵਾਦ, ਪੰਜਾਬੀ ਅਤ, ਪ੍ਰਕਿਰਤੀ ਚਿੱਤਰਨ

**47.** **ਸੂਚੀ-I** **ਸੂਚੀ-II**

| | |
|---|---|
| a. ਦਰਸ਼ਨ ਖਟਕੜ | 1. ਪਰੰਪਰਾ ਕਾਵਿ |
| b. ਪ੍ਰੀਤਮ ਸਿੰਘ ਸਫ਼ੀਰ | 2. ਗੀਤ ਕਾਵਿ |
| c. ਸੁਰਜੀਤ ਪਾਤਰ | 3. ਜੁਝਾਰ ਕਾਵਿ |
| d. ਧਨੀਰਾਮ ਚਾਤ੍ਰਿਕ | 4. ਪ੍ਰਗਤੀ ਕਾਵਿ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 1 | 2 | 3 | 4 |
| (B) | 2 | 3 | 4 | 1 |
| (C) | 3 | 4 | 2 | 1 |
| (D) | 4 | 1 | 1 | 3 |

**48.** **(A) ਕਥਨ :** ਪੰਜਾਬੀ ਵਿਚ ਗਦਰ ਲਹਿਰ ਦੀ ਕਵਿਤ ਨੂੰ ਸਾਹਿਤ ਦੇ ਇਤਿਹਾਸਾਂ ਵਿਚ ਬਹੁਤ ਘੱਟ ਸਥਾਨ ਮਿਲਿਆ ਹੈ ਅਤੇ ਇਸ ਕਵਿਤਾ ਨੂੰ ਮਹਿਜ਼ ਤੁਕਬੰਦੀ ਕਹਿ ਕੇ ਛੁਟਿਆ ਦਿੱਤਾ ਜਾਂਦਾ ਹੈ ।

**(R) ਕਾਰਨ :** ਪਰ ਵਾਸਤਵ ਵਿਚ ਇਸ ਕਵਿਤਾ ਵਿਚ ਵਿਚਾਰਧਾਰਾ ਬਾਰੇ ਨਵੀਨ ਰੁਚੀ ਤਾਂ ਸੀ ਪਰ ਕਲਾਤਮਕ ਪੱਧਰ ਦੀ ਉੱਚਤਾ ਨਹੀਂ ਸੀ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਹੈ, (R) ਆਂਸ਼ਿਕ ਸਹੀ ਹੈ

(B) (A) ਆਂਸ਼ਿਕ ਸਹੀ ਹੈ, (R) ਸਹੀ ਹੈ

(C) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ

(D) (A) ਤੇ (R) ਦੋਵੇਂ ਸਹੀ ਹਨ

**49.** ਆਧੁਨਿਕ ਪੰਜਾਬੀ ਕਾਵਿ ਦੇ ਮੁੱਖ ਥੀਮੈਟਿਕ ਪਾਸਾਰ ਹਨ :

(A) ਸਮੂਹਕ ਚੇਤਨਾ, ਮਨੁੱਖੀ ਅਕਾਂਖਿਆਵਾਂ, ਸਮਾਜ ਸੁਧਾਰ

(B) ਮਾਨਵੀ ਚੇਤਨਾ, ਵਿਅਕਤੀ ਪ੍ਰਧਾਨਤਾ, ਮੱਧ-ਸ਼੍ਰੇਵਿਕ ਚਿੰਤਨ

(C) ਪ੍ਰਗਤੀ, ਰੁਮਾਂਸ, ਨੈਤਿਕਤਾ

(D) ਅਸਤਿੱਤਵਵਾਦ, ਅਧਿਆਤਮਵਾਦ, ਬਸਤੀਵਾਦ

**50.** ਹਰਿਭਜਨ ਸਿੰਘ ਦੇ ਕਾਵਿ ਅਨੁਭਵ ਦੇ ਥੀਮੈਟਿਕ ਪਾਸਾਰ ਹਨ :

(A) ਅਸਤਿੱਤਵਵਾਦੀ ਚੇਤਨਾ, ਪ੍ਰਯੋਗਸ਼ੀਲ ਰੁਚੀ, ਅੰਤਰ-ਦਵੰਦ, ਆਧੁਨਿਕਤਾ

(B) ਆਧੁਨਿਕ ਚੇਤਨਾ, ਪ੍ਰਗਤੀਸ਼ੀਲ ਧਾਰਾ, ਵਿਅੰਗ ਧਾਰਾ, ਆਦਰਸ਼-ਮੁਖਤਾ

(C) ਨਗਰ-ਬੋਧ, ਰੁਮਾਂਸ, ਬੁੱਧੀਜੀਵੀ, ਉਮੀ

(D) ਬੌਧਿਕ ਚੇਤਨਾ, ਰੁਮਾਂਟਿਕ ਯਥਾਰਥ, ਕਾਵਿਕ ਕਲਪਨਾ, ਸ਼ਿਲਪ ਚੇਤਨਾ

**51.** ਪੰਜਾਬੀ ਦੇ ਗਜ਼ਲ ਸੰਗ੍ਰਹਿ ਹਨ :

(A) ਕਾਵਿ ਹਿਲੂਣੇ, ਰੰਗ-ਸੁਗੰਧ, ਬੂਹੇ

(B) ਯਾਦਾਂ ਜਾਗ ਪਈਆਂ, ਪਿਆਸੀ ਸ਼ਾਮ, ਸੁਗੰਧ ਸਮੀਰ

(C) ਹਨੇਰੇ ਵਿਚ ਸੁਲਗਦੀ ਵਰਨਮਾਲਾ, ਤ੍ਰਿਹਾਏ ਸੁਪਨੇ, ਅਸ਼ੋਕਾ ਚੇਤੀ

(D) ਹਵਾ ਵਿਚ ਲਿਖੇ ਹਰਫ਼, ਚਨੁਕਰੀ ਸ਼ਾਮ, ਅਗਰਬੱਤੀ

52. ਸੁਰਜੀਤ ਪਾਤਰ ਦੇ ਕਾਵਿ-ਅਨੁਭਵ ਦੀਆਂ ਥੀਮਿਕ ਇਕਾਈਆਂ ਹਨ :

(A) ਮੱਧਵਰਗੀ ਸੰਵੇਦਨਾ, ਆਧੁਨਿਕ ਸੰਵੇਦਨਾ, ਪੀੜਾ, ਬੇਘਰਪਣ

(B) ਪ੍ਰਗੀਤਰਤਾ, ਸਵੈ-ਸੰਬੋਧਨ, ਕਾਵਿ-ਸੰਜਮ, ਨਹਾਰ ਚੇਤਨ

(C) ਬਿਰਖ, ਅਸਤਿੱਤਵ-ਚੇਤਨਾ, ਅਤੀਤਮੁਖਤਾ, ਮੱਧਵਰਗੀ ਚੇਤਨਾ

(D) ਫ਼ਾਸਲਾ, ਪ੍ਰਯੋਗ, ਦੁੱਖ-ਚੇਤਨਾ, ਸਵੈ-ਸੰਬੋਧਨ

53. ਅਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੰਨਦਾਤਾ' ਵਿਚ ਕਿਸ ਉਪਰ ਬਲ ਹੈ :

(A) ਸੁਤੰਤਰ ਪ੍ਰੀਤ, ਪਰੰਪਰਾ ਵਿਰੋਧ, ਅਣਸੁਖਾਵਾਂ ਪ੍ਰਬੰਧ

(B) ਰੋਟੀ-ਰੋਜ਼ੀ, ਇਨਕਾਰ, ਵਰਤਣ ਦੀ ਸੈ

(C) ਆਰਥਿਕਤਾ, ਯਥਾਰਥ ਰੁਚੀ, ਕਬਜ਼ਾ ਭਾਵਨਾ

(D) ਉਪਰੋਕਤ ਵਿਚੋਂ ਕੋਈ ਵੀ ਨਹੀਂ ਹੈ

54. ਪੰਜਾਬੀ ਕਹਾਣੀ ਦੇ ਬਿਰਤਾਂਤ-ਸ਼ਾਸ਼ਤਰ ਦਾ ਆਧਾਰ ਹੈ :

(A) ਆਧੁਨਿਕ ਚੇਤਨਾ, ਭਾਰਤੀ ਕਥਾ-ਸੰਰਚਨਾ, ਪੱਛਮੀ ਰੂਪਾਕਾਰਕ ਵਿਉਂਤ, ਗਲਪੀ ਭਾਸ਼ਾ

(B) ਸਮਾਜਕ ਯਥਾਰਥ, ਭਾਰਤੀ ਕਥਾ-ਸੰਰਚਨਾ, ਪੱਛਮੀ ਰੂਪਾਕਾਰਕ ਵਿਉਂਤ, ਅਮਿਤ ਦ੍ਰਿਸ਼

(C) ਸ਼੍ਰੈਲੀ ਸੰਪਾਰਸ਼, ਵਿਚਾਰਧਾਰਾ, ਗਲਪੀ ਭਾਸ਼ਾ, ਪੱਛਮੀ ਰੁਪਾਕਾਰਕ ਵਿਉਂਤ

(D) ਯਥਾਰਥ, ਵਿਚਾਰਧਾਰਾ, ਆਧੁਨਿਕਤਾ, ਗਲਪੀ ਭਾਸ਼ਾ

55. **(A) ਕਥਨ :** ਨਾਨਕ ਸਿੰਘ ਦੇ ਨਾਵਲਾਂ ਵਿਚ ਵਿਅਕਤੀਵਾਦੀ ਸੰਕਲਪਾਂ, ਸੰਦਰਭਾਂ ਅਤੇ ਗਤੀਵਿਧੀਆਂ ਨੂੰ ਸਮਾਜਕ ਸੰਦਰਭ ਪ੍ਰਦਾਨ ਕਰ ਕੇ ਵਿਅਕਤੀ ਤੋਂ ਸਮਾਜ ਤਕ ਪਹੁੰਚਣ ਦਾ ਮਾਰਗ ਤਿਆਰ ਕੀਤਾ ਜਾਂਦਾ ਹੈ ।

**(R) ਕਾਰਨ :** ਇਸੇ ਕਰਕੇ ਇਹ ਨਾਵਲ ਵਿਅਕਤੀ ਸੁਧਾਰਵਾਦ ਤੇ ਸਮਾਜਕ ਕੁਰੀਤੀਆਂ ਦੇ ਖ਼ਾਤਮੇ ਤਕ ਵਿਗਸਦੇ ਦੇਖੇ ਜਾ ਸਕਦੇ ਹਨ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਪੂਰੇ ਸਹੀ ਹਨ

(B) (A) ਤੇ (R) ਪੂਰਨ ਰੂਪ ਵਿਚ ਗ਼ਲਤ ਹਨ

(C) (A) ਤੇ (R) ਆਂਸ਼ਿਕ ਰੂਪ ਵਿਚ ਸਹੀ ਹਨ

(D) (A) ਪੂਰਨ ਸਹੀ ਹੈ, (R) ਆਂਸ਼ਿਕ ਸਹੀ ਹੈ

56. ਕਿਸ ਨਾਵਲਕਾਰ ਨੇ ਮਨੁੱਖੀ ਹੋਣੀ ਦੇ ਸਮਾਜਕ ਤੇ ਵਿਆਪਕ ਭਾਵ-ਮੰਡਲਾਂ ਨੂੰ ਆਂਚਲਿਕ ਦ੍ਰਿਸ਼ ਸਿਰਜਣਾ ਰਾਹੀਂ ਪੇਸ਼ ਕੀਤਾ ਹੈ :

(A) ਰਾਮ ਸਰੂਪ ਅਣਖੀ

(B) ਮੋਹਨ ਕਾਹਲੋਂ

(C) ਸੋਹਣ ਸਿੰਘ ਸੀਤਲ

(D) ਗੁਰਦਿਆਲ ਸਿੰਘ

57.

| | ਸੂਚੀ-I | | ਸੂਚੀ-II |
|---|---|---|---|
| a. | ਪ੍ਰਗਤੀਵਾਦੀ ਧਾਰਾ | 1. | ਸੁਖਬੀਰ, ਅਜੀਤ ਕੌਰ |
| b. | ਯਥਾਰਥਵਾਦੀ ਧਾਰਾ | 2. | ਨੌਰੰਗ ਸਿੰਘ, ਸੰਤੋਖ ਸਿੰਘ ਧੀਰ |
| c. | ਉੱਤਰ-ਯਥਾਰਥਵਾਦੀ ਧਾਰਾ | 3. | ਸੰਤ ਸਿੰਘ ਸੇਖੋਂ, ਸੁਜਾਨ ਸਿੰਘ |
| d. | ਆਧੁਨਿਕਤਾਵਾਦੀ ਧਾਰਾ | 4. | ਪ੍ਰੇਮ ਪ੍ਰਕਾਸ਼, ਸੁਖਜੀਤ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 3 | 2 | 4 | 1 |
| (B) | 3 | 4 | 2 | 1 |
| (C) | 4 | 3 | 2 | 1 |
| (D) | 2 | 3 | 4 | 1 |

58. ਕਿਹੜੇ ਨਾਵਲਕਾਰਾਂ ਦੇ ਨਾਵਲਾਂ ਵਿਚ ਪੰਛੀਆਂ, ਜਨੌਰਾਂ ਤੇ ਜਾਨਵਰਾਂ ਨੂੰ ਪ੍ਰਤੀਕ ਬਣਾ ਕੇ ਨਾਵਲੀ ਬਿਰਤਾਂਤ ਦੀ ਸਿਰਜਣਾ ਕੀਤੀ ਗਈ ਹੈ :

(A) ਫ਼ਖ਼ਰ ਜ਼ਮਾਨ, ਅਫ਼ਜ਼ਲ ਅਹਿਸਨ ਰੰਧਾਵਾ, ਰਜ਼ੀਆ ਨੂੰ ਮੁਹੰਮਦ

(B) ਸਲੀਮ ਖਾਂ ਗਿੰਮੀ, ਮੁਸਤਨਸਰ ਹੁਸੈਨ ਤਾਰੜ, ਅਹਿਸਨ ਬਟਾਲਵੀ

(C) ਆਸਿਫ਼ ਸ਼ਾਹਕਾਰ, ਕਹਿਕਸ਼ਾਂ ਮਲਿਕ, ਅਬਦੁੱਲਾ ਹੁਸੈਨ

(D) ਅਹਿਸਨ ਬਟਾਲਵੀ, ਫੁਖੁਰ ਜ਼ਮਾਨ, ਆਸਿਫ਼ ਸ਼ਾਹਕਾਰ

59. ਪੰਜਾਬੀ ਡਾਇਸਪੋਰਕ ਸੰਵੇਦਨਾ ਦੇ ਪਰਿਭਾਸ਼ਕ ਤੱਤਾਂ ਦਾ ਸਹੀ ਜੁੱਟ ਹੈ :

(A) ਵਿਸਥਾਪਨ, ਭੂ-ਹੇਰਵਾ, ਰੁਮਾਂਟਿਕਤਾ, ਮਹਾਂਨਗਰੀ ਦ੍ਰਿਸ਼ ਸਿਰਜਣਾ

(B) ਮਹਾਂਨਗਰੀ ਦ੍ਰਿਸ਼ ਸਿਰਜਣਾ, ਭੂ-ਹੇਰਵਾ, ਕਾਮੁਕ ਖੁਲ੍ਹ, ਵਿਸਥਾਪਨ

(C) ਬਦਲਦੇ ਮੁਲਾਂ ਦੀ ਪੇਸ਼ਕਾਰੀ, ਵਿਸਥਾਪਨ, ਪੀੜ੍ਹੀ-ਪਾੜ੍ਹਾ, ਖੰਡਿਤ ਆਪਾ

(D) ਖੰਡਿਤ ਆਪਾ, ਨਿਵਾਸ-ਭੂਮੀ ਨਾਲ ਇਕਸੁਰਤਾ, ਨਵੇਂ ਮੁੱਲ ਵਿਧਾਨ ਦੀ ਸਥਾਪਨਾ, ਬਹੁ-ਸਭਿਆਚਾਰਕ ਪਛਾਣ

60. ਸਮਕਾਲੀ ਪੰਜਾਬੀ ਨਾਵਲ ਰਚਨਾ ਵਿਚ ਪ੍ਰਬਲ ਪ੍ਰਵਿਰਤੀ ਹੈ :

(A) ਮਹਾਂਨਗਰੀ ਯਥਾਰਥ ਦੀ ਪੇਸ਼ਕਾਰੀ

(B) ਆਂਚਲਿਕਤਾ ਦੀ ਪੇਸ਼ਕਾਰੀ

(C) ਲੋਕ ਨਾਇਕਾਂ ਉਤੇ ਆਧਾਰਿਤ ਅਰਥ-ਇਤਿਹਾਸਕਤਾ ਦੀ ਪੇਸ਼ਕਾਰੀ

(D) ਪਰਵਾਸੀ ਯਥਾਰਥ ਦੀ ਪੇਸ਼ਕਾਰੀ

61. ਪੰਜਾਬੀ ਵਿਚ ਲੰਮੀ ਕਹਾਣੀ ਰਚਣ ਵਾਲੇ ਕਹਾਣੀਕਾਰਾਂ ਦਾ ਸਹੀ ਜੁੱਟ ਹੈ :

(A) ਨਾਨਕ ਸਿੰਘ, ਗੁਰਦਿਆਲ ਸਿੰਘ, ਨੌਰੰਗ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ

(B) ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼, ਸੁਖਜੀਤ, ਜਰਨੈਲ ਸਿੰਘ

(C) ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ, ਸੁਜਾਨ ਸਿੰਘ, ਸੰਤੋਖ ਸਿੰਘ ਧੀਰ

(D) ਅਜੀਤ ਕੌਰ, ਅਮ੍ਰਿਤਾ ਪ੍ਰੀਤਮ, ਸੁਖਬੀਰ, ਗੁਰਦੇਵ ਸਿੰਘ ਰੁਪਾਣਾ

CAREERINDIA

62. 1991-2004 ਵਿਚ ਨਾਟਕਾਂ ਦੇ ਕਿਹੜੇ ਜੁੱਟ ਦੀ ਰਚਨਾ ਹੋਈ :

(A) ਕੇਹਰ ਸਿੰਘ ਦੀ ਮੌਤ, ਬੇਗਮੋ ਦੀ ਧੀ, ਇਕ ਸੀ ਪਰੀ, ਰੂਪਾਂ

(B) ਨਿੱਕੇ ਸੂਰਜਾਂ ਦੀ ਲੜਾਈ, ਤੰਦੂਰ, ਪ੍ਰੇਮ ਪਿਕਾਸੋ, ਘੁੱਗੀ

(C) ਕਠਪੁਤਲੀਆਂ, ਇੱਕੀਵੀਂ ਮੰਜਿਲ, ਘੁੱਮਣਘੇਰੀ, ਕੰਚ ਦੇ ਗਜਰੇ

(D) ਇਕ ਸੀ ਦਰਿਆ, ਵੰਗਾਰ, ਰੇਲਗੱਡੀ, ਨੀਨਾ ਮਹਾਂਵੀਰ

63. ਦਲਿਤ ਚੇਤਨਾ ਦੇ ਪ੍ਰਗਟਾਵੇ ਵਾਲੇ ਨਾਟਕਾਂ ਦਾ ਸਹੀ ਜੁੱਟ ਹੈ :

(A) ਤੰਡੀਆਂ, ਕੰਮੀਆਂ ਦਾ ਵਿਹੜਾ, ਧਰਮਗੁਰੂ, ਭੁੱਬਲ ਦੀ ਅੱਗ

(B) ਇਹ ਡੁਮਣੇ, ਕ੍ਰਿਸ਼ਨ, ਮੋਚੀ ਦਾ ਪੁੱਤ, ਰੋਮਾ

(C) ਘਸਿਆ ਹੋਇਆ ਆਦਮੀ, ਉਮੀਦਵਾਰ, ਜੂਠ, ਇਹ ਡੂਮਣੇ

(D) ਕੰਮੀਆਂ ਦਾ ਵਿਹੜਾ, ਝੂਠਾ ਬਾਜ਼ਾਰ, ਪਰਮ ਗੁਰੂ, ਇਹ ਡੂਮਣੇ

64. **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| a. ਧਮਕ ਨਗਾਰੇ ਦੀ | 1. ਦੀਦਾਰ ਸਿੰਘ |
| b. ਕੁਦੇਸਣ | 2. ਸਵਰਾਜਬੀਰ |
| c. ਧਰਮ ਗੁਰੂ | 3. ਜਤਿੰਦਰ ਬਰਾੜ |
| d. ਮਹਾਂਪੰਡਿਤ ਚਾਰਵਾਕ | 4. ਗੁਰਸ਼ਰਨ ਸਿੰਘ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 3 | 1 | 2 | 4 |
| (B) | 4 | 3 | 2 | 1 |
| (C) | 2 | 4 | 1 | 3 |
| (D) | 1 | 2 | 3 | 4 |

65. **(A) ਕਥਨ :** ਪੰਜਾਬ ਸੰਕਟ ਨੇ ਪੰਜਾਬੀ ਨਾਟਕਾਂ ਨੂੰ ਕਈ ਪੱਧਰਾਂ ਤੇ ਪ੍ਰਭਾਵਿਤ ਕੀਤਾ ਪਰ ਇਸ ਸੰਕਟ ਦੀ ਜਟਿਲਤਾ ਦੀ ਤਸਵੀਰ ਨੂੰ ਪੂਰੀ ਤਰ੍ਹਾਂ ਪੇਸ਼ ਨਹੀਂ ਕੀਤਾ ਜਾ ਸਕਿਆ ।

**(R) ਕਾਰਨ :** ਕਿਉਂਕਿ ਨਾਟਕ ਤੇ ਮੰਚ ਦੀ ਇਕ ਸੀਮਾ ਹੈ ਜਿਸ ਕਰਕੇ ਕਿਸੇ ਸਮਾਜੀ, ਧਾਰਮਿਕ ਤੇ ਰਾਜਸੀ ਲਹਿਰ ਨੂੰ ਪੇਸ਼ ਨਹੀਂ ਕੀਤਾ ਜਾ ਸਕਦਾ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਦੋਵੇਂ ਆਂਸ਼ਿਕ ਸਹੀ ਹਨ

(B) (A) ਤੇ (R) ਦੋਵੇਂ ਸਹੀ ਹਨ

(C) (A) ਤੇ (R) ਦੋਵੇਂ ਗ਼ਲਤ ਹਨ

(D) (A) ਸਹੀ ਹੈ, (R) ਆਂਸ਼ਿਕ ਸਹੀ ਹੈ

CAREERINDIA

**66.** ਨਾਟਕ ਤੇ ਟੀ.ਵੀ. ਨਾਟਕ ਵਿਚਲੇ ਸਾਂਝੇ ਤੱਤਾਂ ਵਾਲਾ ਕਿਹੜਾ ਜੁੱਟ ਸਹੀ ਨਹੀਂ ਹੈ :

(A) ਨਾਟਕ, ਖੁਦਮੁਖ਼ਤਿਆਰ ਹੈ, ਪਰ ਟੀ.ਵੀ. ਨਾਟਕ ਨਹੀਂ

(B) ਨਾਟਕ ਵਿਚ ਸੰਵਾਦ ਹੁੰਦਾ ਹੈ, ਟੀ.ਵੀ. ਨਾਟਕ ਵਿਚ ਨਹੀਂ

(C) ਨਾਟਕ ਵਿਚ ਦਰਸ਼ਕ ਕ੍ਰਿਆਸ਼ੀਲ ਹੁੰਦਾ ਹੈ, ਟੀ.ਵੀ. ਨਾਟਕ ਵਿਚ ਦਰਸ਼ਕ ਕ੍ਰਿਆਸ਼ੀਲ ਨਹੀਂ ਹੁੰਦਾ

(D) ਨਾਟਕ ਤੇ ਟੀ.ਵੀ. ਨਾਟਕ ਕੇਵਲ ਮਨੋਰੰਜਨ ਕਰਦੇ ਹਨ

**67.** ਕਿਹੜਾ ਜੁੱਟ ਸਹੀ ਹੈ :

(A) ਮਹਾਨਗਰੀ ਚੇਤਨਾ : ਆਤਮ ਜੀਤ ____ ਕੈਮਲੂਪਸ ਦੀਆਂ ਮੱਛੀਆਂ

(B) ਪਰਵਾਸੀ ਚੇਤਨਾ : ਰਵਿੰਦਰ ਰਵੀ ____ ਰਾਣੀ ਕੋਕਲਾਂ

(C) ਆਂਚਲਿਕਤਾ : ਜਗਦੀਸ਼ ਸਚਦੇਵਾ ____ ਸਾਵੀ

(D) ਪੇਂਡੂ ਯਥਾਰਥ ਚਿੱਤਰਨ : ਚਰਨ ਦਾਸ ਸਿੱਧੂ ____ ਕੱਲ੍ਹ ਵੀ ਕਾਲਜ ਬੰਦ ਰਹੇਗਾ

**68.** ਪੰਜਾਬੀ ਦੀ ਮਾਰਕਸਵਾਦੀ ਸਾਹਿਤ ਆਲੋਚਨਾ ਦੀ ਮੁੱਖ ਵਿਸ਼ੇਸ਼ਤਾ ਹੈ :

(A) ਇਹ ਰਚਨਾ-ਪਾਠ ਤੋਂ ਵੱਧ ਇਤਿਹਾਸਕ ਪ੍ਰਸੰਗ ਉਤੇ ਧਿਆਨ ਕੇਂਦਰਿਤ ਕਰਦੀ ਹੈ ।

(B) ਇਹ ਰਚਨਾ ਵਿਚੋਂ ਵਰਗ ਸੰਘਰਸ਼ ਤੇ ਵਿਚਾਰਧਾਰਾ ਦਾ ਅਧਿਐਨ ਕਰਦੀ ਹੈ ।

(C) ਇਹ ਰਚਨਾ ਵਿਚੋਂ ਇਨਕਲਾਬੀ ਚੇਤਨਾ ਦੀ ਹੀ ਤਲਾਸ਼ ਕਰਦੀ ਹੈ ।

(D) ਇਹ ਰਚਨਾ ਨੂੰ ਵਿਚਾਰਧਾਰਾਈ ਸੰਘਰਸ਼ ਦਾ ਇਕੋ ਇਕ ਵਾਹਕ ਮੰਨਦੀ ਹੈ ।

**69.** ਸੰਰਚਨਾਵਾਦੀ ਆਲੋਚਨਾ ਪ੍ਰਣਾਲੀ ਦਾ ਮੁੱਖ ਆਧਾਰ ਹੈ :

(A) ਲੇਖਕ ਦੀ ਜੀਵਨੀ ਤੇ ਰਚਨਾ

(B) ਰਚਨਾ ਦਾ ਰੂਪ ਤੇ ਪਾਠਕਾਂ ਉਤੇ ਪ੍ਰਭਾਵ

(C) ਰਚਨਾ ਦਾ ਸਮਾਜਿਕ ਤੇ ਸਭਿਆਚਾਰਕ ਸੰਦਰਭ

(D) ਰਚਨਾ ਦਾ ਅੰਤਰੀਵੀ ਸੰਗਠਨ ਤੇ ਪ੍ਰਬੰਧ ਚੇਤਨਾ

**70.** ਕਾਵਿ-ਸੱਚ ਤੇ ਕਾਵਿ-ਨਿਆਂ ਕਿਸ ਪੱਖ ਤੋਂ ਭਿੰਨ ਹਨ :

(A) ਰਚਨਾ-ਦ੍ਰਿਸ਼ਟੀ ਤੇ ਕਾਵਿ ਵਿਧੀ

(B) ਕਾਵਿ-ਦ੍ਰਿਸ਼ਟੀ ਤੇ ਕਾਵਿ-ਮਾਧਿਅਮ

(C) ਸਮ-ਦ੍ਰਿਸ਼ਟੀ ਤੇ ਕਾਵਿ-ਜ਼ਗਤ

(D) ਵਿਚਾਰਧਾਰਾ ਤੇ ਰੂਪ-ਜੁਗਤ

**71.** ਬਾਬੇ ਨਾਨਕ ਬਾਣੀ ਅੰਦਰ, ਬਾਤ ਕਹੀ ਇਕ ਚੰਗੀ ।

ਵਸ ਹੋਇਆ ਮੁੜ ਜਾਂਦਾ ਨਾਹੀਂ, ਰੀਤ ਸਜਨ ਦੀ ਚੰਗੀ ।

ਇਹ ਆਲੋਚਨਾ-ਟਿੱਪਣੀ ਕਿਸਦੀ ਹੈ ਅਤੇ ਕਿਸ ਬਾਰੇ ਹੈ ;

(A) ਅਹਿਮਦਯਾਰ

(B) ਮੁਹੰਮਦ ਬਖ਼ਸ਼

(C) ਮੌਲਾ ਬਖ਼ਸ਼ ਕੁਸ਼ਤਾ

(D) ਮੁਹੰਮਦ ਬੂਟਾ

CAREERINDIA

**72.** ਘਰ ਰਾਠਾਂ ਦੇ ਰਾਠ ਹੀ ਹੋਣ ਪੈਦਾ, ਇਹ ਤਾਂ ਜੰਮਿਆ ਵਾਰ ਐਤਵਾਰ ਪਿਆਰੇ ।

.........................................................

ਨੀ ਮਾਤ ਲੱਧੀ ਇਹ ਮੈਂ ਬਾਤ ਬੱਧੀ, ਲਵੇ ਬਾਪ ਦਾ ਖੂਨ ਚਿਤਾਰ ਪਿਆਰੇ ।

ਇਹ ਕਾਵਿ-ਸਤਰਾਂ ਕਿਸ ਕਵੀ ਅਤੇ ਕਿਸ ਕਾਵਿ ਧਾਰਾਂ ਨਾਲ ਸੰਬੰਧਤ ਹਨ ;

(A) ਸ਼ਾਹ ਮੁਹੰਮਦ : ਬੀਰ ਕਾਵਿ-ਧਾਰਾ

(B) ਗੁਲਾਮ ਫ਼ਰੀਦ : ਸੂਫ਼ੀ ਕਾਵਿ-ਧਾਰਾ

(C) ਕਿਸ਼ਨ ਸਿੰਘ ਆਰਿਫ਼ : ਕਿੱਸਾ ਕਾਵਿ-ਧਾਰਾ

(D) ਆਗਰਾ : ਵਾਰ ਕਾਵਿ-ਧਾਰਾ

**73.** **(A) ਕਥਨ :** ਵਿਵਹਾਰਕ ਅਧਿਐਨ ਦੇ ਦੋ ਪੱਖ ਹਨ : ਕਿਰਤ ਦੇ ਆਪਣੇ-ਆਪ ਵਿਚ ਮੁਕੰਮਲ ਅਧਿਐਨ ਅਤੇ ਕਿਰਤ ਦਾ ਹੋਰਨਾਂ ਆਦਿ ਸੰਬੰਧ ਤੇ ਤੁਲਨਾ । ਪਹਿਲੇ ਦੀ ਪ੍ਰਕਿਰਤੀ ਇਕਾਲਕ ਹੈ ਤੇ ਦੂਜੇ ਦੀ ਦੁਕਾਲਕ ।

**(R) ਕਾਰਨ :** ਇਹ ਠੀਕ ਹੈ ਕਿ ਸਾਡਾ ਅਧਿਐਨ ਇਹਨਾਂ ਵਿਚੋ ਕਿਸੇ ਇਕ ਵੱਲ ਰੁਚਿਤ ਹੋ ਸਕਦਾ ਹੈ, ਪਰ ਇਕ ਵਿਚੋਂ ਦੂਜੇ ਦੀ ਹੋਂਦ ਖਾਰਜ ਨਹੀਂ ਕੀਤੀ ਜਾ ਸਕਦੀ । ਦੋਹਾਂ ਦੇ ਸਹਿਯੋਗ ਨਾਲ ਹੀ ਰਚਨਾ ਦਾ ਮੁਕੰਮਲ ਅਧਿਐਨ ਹੋ ਸਕਦਾ ਹੈ ।

(A) (A) ਅਤੇ ਹੈ ਤੇ (R) ਗ਼ਲਤ

(B) (A) ਤੇ (R) ਦੋਵੇਂ ਸਹੀ ਹਨ

(C) (A) ਤੇ (R) ਦੋ ਆਂਸ਼ਿਕ ਗ਼ਲਤ ਹਨ

(D) (A) ਤੇ (R) ਦੋਵੇਂ ਗ਼ਲਤ ਹਨ

**74.**

| | **ਸੂਚੀ-I** | | **ਸੂਚੀ-II** |
|---|---|---|---|
| a. | ਪੰਜਾਬੀ ਸਾਹਿਤ ਦੀ ਇਤਿਹਾਸਕਾਰੀ | 1. | ਪ੍ਰੋ : ਪ੍ਰੇਮ ਪ੍ਰਕਾਸ਼ ਸਿੰਘ |
| b. | ਪੰਜਾਬੀ ਭਾਸ਼ਾ ਦਾ ਵਿਆਕਰਨ | 2. | ਡਾ. ਸੁਰਿੰਦਰ ਸਿੰਘ ਦੁਸਾਂਝ |
| c. | ਪੰਜਾਬੀ ਨਾਵਲ | 3. | ਡਾ. ਮੋਹਨ ਸਿੰਘ ਦੀਵਾਨਾ |
| d. | ਪੰਜਾਬੀ ਨਿਰਮਲ ਕਾਵਿ-ਧਾਰਾ | 4. | ਡਾ. ਬਲਵੀਰ ਸਿੰਘ ਸੰਧੂ |

ਉਪਰੋਕਤ ਖੇਤਰਾਂ ਦਾ ਸਹੀ ਕ੍ਰਮ ਦੱਸੋ :

| | a | b | c | d |
|---|---|---|---|---|
| (A) | 4 | 3 | 2 | 1 |
| (B) | 3 | 4 | 2 | 1 |
| (C) | 1 | 3 | 4 | 2 |
| (D) | 4 | 1 | 2 | 3 |

**75.** ਮੈਂ ਪਹਿਲੀ ਸਤਰ ਲਿਖਦਾ ਹਾਂ
ਤੇ ਡਰ ਜਾਂਦਾ ਹਾਂ ਰਾਜੇ ਦੇ ਸਿਪਾਹੀਆਂ ਤੋਂ
ਸਤਰ ਕੱਟ ਦੇਂਦਾ ਹਾਂ ।
ਮੈਂ ਦੂਜੀ ਸਤਰ ਲਿਖਦਾ ਹਾਂ
ਤੇ ਡਰ ਜਾਂਦਾ ਹਾਂ ਗੁਰੀਲੇ ਬਾਗੀਆਂ ਕੋਲੋਂ
ਸਤਰ ਕੱਟ ਦੇਦਾਂ ਹਾਂ ।

ਇਹ ਕਾਵਿ ਸਤਰਾਂ ਕਿਸ ਕਵੀ ਦੀ ਕਿਸ ਮਨੋ-ਸਥਿਤੀ ਨੂੰ ਬਿਆਨ ਕਰਦੀਆਂ ਹਨ ।

(A) ਪਾਸ਼ : ਜੁਝਾਰੂ ਮਨੋਦਸ਼ਾ

(B) ਸੁਰਜੀਤ ਪਾਤਰ : ਦੁਵਿਧਾਮੂਲਕ ਮਨੋ-ਸਥਿਤੀ

(C) ਜਗਤਾਰ : ਮਨੋਗੁਝਲ ਦੀ ਮਨੋ-ਸਥਿਤੀ

(D) ਹਰਿਭਜਨ ਸਿੰਘ : ਮਾਨਸਿਕ ਦਵੰਦ ਦੀ ਦਸ਼ਾ

CAREERINDIA

**Space For Rough Work**

www.careerindia.com